# ਨਬੂਵਤ ਨੂੰ ਸਮਝਣਾ

ਫ੍ਰੈਂਕਲਿਨ ਦੇ ਨੋਟਸ

1 ਕੁਰਿੰਥੀਆਂ 14:1 ਪ੍ਰੇਮ ਦੇ ਮਗਰ ਲੱਗੋ। ਤਾਂ ਵੀ ਆਤਮਕ ਦਾਨਾਂ ਨੂੰ ਲੋਚੋ ਪਰ ਵਧਕੇ ਇਹ ਜੋ ਤੁਸੀਂ ਅਗੰਮ ਵਾਕ ਕਰੋ।

## I. ਨਬੂਵਤ ਬਾਰੇ ਤੱਥ

ਯੂਨਾਨੀ ਸ਼ਬਦ: ਪ੍ਰੋਫੇਟੇਇਆ (ਪ੍ਰੋ – ਅੱਗੇਂ; ਫੇਮੀ – ਬੋਲਣਾ) ਦਰਸਾਉਂਦਾ ਹੈ "ਪਰਮੇਸ਼ਰ ਦੇ ਮਨ ਅਤੇ ਇੱਛਾ ਨੂੰ ਅੱਗੇਂ ਬੋਲਣਾ।"

ਪੁਰਾਣੇ ਨੇਮ ਦੀ ਨਬੂਵਤ ਦੀ ਸੇਵਕਾਈ ਮੁੱਢਲੇ ਤੌਰ ਤੇ ਭਵਿੱਖ ਵਿੱਚ ਹੋਣ ਵਾਲੀਆਂ ਘਟਨਾਵਾਂ ਨੂੰ ਪਹਿਲਾਂ ਤੋਂ ਦੱਸ ਦੇਣ ਦੀ ਸੇਵਕਾਈ ਸੀ।

> ਮੀਕਾਹ 5:2 ਪਰ ਹੇ ਬੈਤਲਹਮ ਅਫ਼ਰਾਥਾਹ, ਤੂੰ ਜੋ ਯਹੂਦਾਹ ਦੇ ਹਜ਼ਾਰਾਂ ਵਿੱਚ ਛੋਟਾ ਹੈਂ, ਤੈਥੋਂ ਇੱਕ ਮੇਰੇ ਲਈ ਨਿੱਕਲੇਗਾ ਜੋ ਇਸਰਾਏਲ ਵਿੱਚ ਹਾਕਮ ਹੋਵੇਗਾ, ਜਿਹ ਦਾ ਨਿੱਕਲਣਾ ਪਰਾਚੀਨ ਸਮੇਂ ਤੋਂ, ਸਗੋਂ ਅਨਾਦ ਤੋਂ ਹੈ।

ਅਤੇ ਕਦੇ-ਕਦੇ ਨਵੇਂ ਨੇਮ ਵਿੱਚ ਵੀ (ਯੂਹੰਨਾ 11:51)।

> ਯੂਹੰਨਾ 11:51 ਪਰ ਇਹ ਉਸ ਨੇ ਆਪਣੀ ਵੱਲੋਂ ਨਹੀਂ ਕਿਹਾ ਪਰ ਇਸ ਕਾਰਨ ਜੋ ਉਹ ਉਸ ਸਾਲ ਸਰਦਾਰ ਜਾਜਕ ਸੀ ਅਗੰਮ ਗਿਆਨ ਨਾਲ ਖਬਰ ਦਿੱਤੀ ਜੋ ਯਿਸੂ ਉਸ ਕੌਮ ਦੇ ਬਦਲੇ ਮਰਨ ਨੂੰ ਸੀ।

ਨਬੂਵਤ ਉਸ ਗੱਲ ਨੂੰ ਦੱਸਣਾ ਹੈ ਜਿਸ ਨੂੰ ਸੁਭਾਵਕ ਤੌਰ ਤੇ ਜਾਣਿਆ ਨਹੀਂ ਜਾ ਸਕਦਾ।

> ਮੱਤੀ 26:68 ਹੇ ਮਸੀਹ, ਸਾਨੂੰ ਅਗੰਮ ਗਿਆਨ ਨਾਲ ਦੱਸ, ਤੈਨੂੰ ਕਿਹ ਨੇ ਮਾਰਿਆ?

ਇਹ ਪਰਮੇਸ਼ਰ ਦੀ ਇੱਛਾ ਨੂੰ ਦੱਸਣਾ ਹੈ, ਫਿਰ ਇਹ ਭਾਵੇਂ ਭੂਤਕਾਲ ਦੇ ਸੰਦਰਭ ਵਿੱਚ ਹੋਵੇ, ਜਾਂ ਵਰਤਮਾਨ ਕਾਲ ਦੇ ਜਾਂ ਫਿਰ ਭਵਿੱਖ ਦੇ ਸੰਦਰਭ ਵਿੱਚ।

> ਉਤਪਤ 20:7; ਬਿਵਸਥਾ ਸਾਰ 18:18; ਪਰਕਾਸ਼ 10:11; 11:3

ਨਵੇਂ ਨੇਮ ਵਿੱਚ ਇਹ ਲਾਭ, ਉਪਦੇਸ਼, ਅਤੇ ਤਸੱਲੀ ਲਈ ਹੈ।

> 1 ਕੁਰਿੰਥੀਆਂ 14:3 ਪਰ ਜਿਹੜਾ ਅਗੰਮ ਵਾਕ ਕਰਦਾ ਹੈ ਉਹ ਲਾਭ ਅਤੇ ਉਪਦੇਸ਼ ਅਤੇ ਤਸੱਲੀ ਦੀਆਂ ਗੱਲਾਂ ਮਨੁੱਖਾਂ ਨਾਲ ਕਰਦਾ ਹੈ।

ਭਵਿੱਖ ਬਾਰੇ ਦੱਸਣ ਵਾਲੀ ਨਬੂਵਤ ਨਵੇਂ ਨੇਮ ਵਿੱਚ ਪਾਈ ਜਾਂਦੀ ਹੈ ਅਤੇ ਕਦੇ-ਕਦੇ ਇਸ ਨੂੰ ਪਰਕਾਸ਼ ਆਖਿਆ ਜਾਂਦਾ ਹੈ। ਉਦਾਹਰਨ ਦੇ ਤੌਰ ਤੇ, ਬਾਈਬਲ ਦੀ ਆਖਰੀ ਪੁਸਤਕ ਮੁੱਢਲੇ ਤੌਰ ਤੇ ਨਬੂਵਤ ਹੈ ਅਤੇ ਇਸ ਦਾ ਨਾਮ ਹੈ: "ਯੂਹੰਨਾ ਦਾ ਪਰਕਾਸ਼।"

ਇਸ ਬਦਲਾਓ ਦਾ ਇੱਕ ਮੁੱਖ ਕਾਰਨ ਜਾਜਕਪਦ ਵਿੱਚ ਆਇਆ ਬਦਲਾਓ ਹੈ।

- ਪੁਰਾਣੇ ਨੇਮ ਵਿੱਚ ਪ੍ਰਭੂ ਤੋਂ ਕੁਝ ਵੀ ਪਤਾ ਕਰਨ ਲਈ ਜਾਜਕ ਦਾ ਸਹਾਰਾ ਲਿਆ ਜਾਂਦਾ ਸੀ।
- ਨਵੇਂ ਨੇਮ ਵਿੱਚ ਸਾਰੇ ਵਿਸ਼ਵਾਸੀ ਜਾਜਕਾਂ ਦੀ ਸ਼ਾਹੀ ਮੰਡਲੀ ਦਾ ਹਿੱਸਾ ਹਨ ਅਤੇ ਆਪ ਪ੍ਰਭੂ ਕੋਲ ਜਾ ਸਕਦੇ ਹਨ।

1 ਪਤਰਸ 2:9 ਪਰ ਤੁਸੀਂ ਚੁਣਿਆ ਹੋਇਆ ਵੰਸ, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹ ਦਿਆਂ ਗੁਣਾਂ ਦਾ ਪਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿੱਚ ਸੱਦ ਲਿਆ।

ਨਾਲੇ, ਚੌਥੀ ਸਦੀ ਈਸਵੀ ਤੱਕ ਬਾਈਬਲ ਸਾਡੇ ਕੋਲ ਨਹੀਂ ਸੀ। ਅੱਜ ਵਿਸ਼ਵਾਸੀ ਆਪਣੇ ਆਤਮਕ ਮਾਰਗ ਦਰਸ਼ਣ ਲਈ ਬਾਈਬਲ ਦਾ ਸਹਾਰਾ ਲੈ ਸਕਦੇ ਹਨ। ਉਹ ਸਲਾਹ ਲੈਣ ਲਈ ਪ੍ਰਭੂ ਦੇ ਕਿਸੇ ਸੇਵਕ ਕੋਲ ਵੀ ਜਾ ਸਕਦੇ ਹਨ ਅਤੇ ਮਾਰਗ ਦਰਸ਼ਣ ਨਬੂਵਤ ਦੇ ਜ਼ਰੀਏ ਵੀ ਆ ਸਕਦਾ ਹੈ।

- ਰਸੂਲਾਂ 21:10-13

ਬਾਕੀ ਦੀਆਂ ਦਾਤਾਂ ਵੀ ਅਕਸਰ ਨਬੂਵਤ ਦੇ ਨਾਲ ਆਉਂਦੀਆਂ ਹਨ:

- ਗਿਆਨ ਦੀ ਗੱਲ, ਵਿੱਦਿਆ ਦੀ ਗੱਲ ਅਤੇ ਆਤਮਿਆਂ ਦੀ ਪਰਖ। ਰਸੂਲਾਂ 13:8-12; 16:16-18

- ਚੰਗਿਆਈ। ਰਸੂਲਾਂ 14:8-10

## II. ਨਬੂਵਤ ਅਲੌਕਿਕ ਤਰੀਕੇ ਨਾਲ ਕੰਮ ਕਰਦੀ ਹੈ

"ਪਰਚਾਰ" (ਇਵੈਂਜੇਲਿਜ਼ਮਾਇ) ਸ਼ਬਦ ਨਵੇਂ ਨੇਮ ਵਿੱਚ "ਨਬੂਵਤ" (ਪ੍ਰੋਫੇਟੇਓਨ) ਸ਼ਬਦ ਨਾਲੋਂ ਭਿੰਨ ਹੈ। ਪਰਚਾਰ ਲਈ ਸਾਵਧਾਨੀ ਨਾਲ ਤਿਆਰੀ (ਪ੍ਰਾਰਥਨਾ, ਅਧਿਐਨ, ਪਵਿੱਤਰ ਆਤਮਾ ਵੱਲੋਂ ਮਾਰਗ ਦਰਸ਼ਣ) ਕੀਤੇ ਜਾਣ ਦੀ ਲੋੜ ਪੈਂਦੀ ਹੈ। ਨਬੂਵਤ ਰਾਹੀਂ ਸੁਨੇਹਾ ਦਿੱਤੇ ਜਾਣ ਦੀ ਤਿਆਰੀ ਨਹੀਂ ਕੀਤੀ ਜਾ ਸਕਦੀ, ਕੇਵਲ ਐਨਾ ਕੀਤਾ ਜਾ ਸਕਦਾ ਹੈ ਕਿ ਪਵਿੱਤਰ ਆਤਮਾ ਵੱਲੋਂ ਉਭਾਰੇ ਜਾਣ ਦੀ ਅਤੇ ਉਸ ਦੇ ਵੱਲੋਂ ਸ਼ਬਦ ਦਿੱਤੇ ਜਾਣ ਦੀ ਉਡੀਕ ਕੀਤੀ ਜਾਵੇ। ਅਕਸਰ ਅਜਿਹਾ ਹੁੰਦਾ ਹੈ ਕਿ ਅਰੰਭ ਦੇ ਕੁਝ ਸ਼ਬਦ ਹੀ ਪਹਿਲਾਂ ਆਉਂਦੇ ਹਨ, ਬਾਕੀ ਦੇ ਸ਼ਬਦ ਉਦੋਂ ਆਉਣ ਲੱਗਦੇ ਹਨ ਜਦ ਵਿਅਕਤੀ ਬੋਲਣਾ ਅਰੰਭ ਕਰਦਾ ਹੈ।

ਨਬੂਵਤ – ਪਰਮੇਸ਼ਰ ਵੱਲੋਂ ਮਨੁੱਖ ਨਾਲ ਅਲੌਕਿਕ ਰੀਤੀ ਨਾਲ ਗੱਲ ਕਰਨਾ – ਪਰਚਾਰ ਵੇਲੇ ਵੀ ਹੋ ਸਕਦੀ ਹੈ। ਪਰ ਇਹ ਅਜਿਹਾ ਕੁਝ ਨਹੀਂ ਹੈ ਕਿ ਜਿਸ ਦੀ ਪਹਿਲਾਂ ਤੋਂ ਤਿਆਰੀ ਕੀਤੀ ਜਾਵੇ।

> 2 ਪਤਰਸ 1:20-21 ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਅਗੰਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ ਹੈ। (21) ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ਰ ਦੀ ਵੱਲੋਂ ਬੋਲਦੇ ਸਨ।

ਨਬੂਵਤ ਨੂੰ ਅਕਸਰ **ਪਵਿੱਤਰ ਆਤਮਾ** ਦੇ ਨਾਲ ਜੋੜਿਆ ਜਾਂਦਾ ਹੈ ਅਰਥਾਤ ਇਹ ਉੱਦੋਂ ਹੁੰਦੀ ਹੈ ਜਦੋਂ **ਪਵਿੱਤਰ ਆਤਮਾ** ਕਿਸੇ ਵਿਅਕਤੀ ਤੇ ਉੱਤਰਦਾ ਹੈ:

- ਗਿਣਤੀ 11:17, 25-29 ਅਲਦਾਦ ਅਤੇ ਮੇਦਾਦ
- 1 ਸਮੂਏਲ 10:6, 9, 10 ਸ਼ਾਊਲ

**ਪਵਿੱਤਰ ਆਤਮਾ** ਕਿਸੇ **ਅਵਿਸ਼ਵਾਸੀ ਉੱਤੇ,** ਜੋ ਕਿ ਪਰਮੇਸ਼ਰ ਦੀ ਇੱਛਾ ਤੋਂ ਪੂਰੀ ਤਰ੍ਹਾਂ ਬਾਹਰ ਹੈ, ਅਸਥਾਈ ਤੌਰ ਤੇ ਉੱਤਰ ਸਕਦਾ ਹੈ, ਅਤੇ ਉਸ ਦੇ ਰਾਹੀਂ ਕਿਸੇ ਦਾਤ ਦੀ ਵਰਤੋਂ ਕਰ ਸਕਦਾ ਹੈ। ਇਸ ਕਰਕੇ, ਪਵਿੱਤਰ ਆਤਮਾ ਦੀਆਂ ਦਾਤਾਂ ਦਾ ਪ੍ਰਕਟੀਕਰਨ ਇਸ ਗੱਲ ਦਾ ਪ੍ਰਮਾਣ **ਨਹੀਂ** ਹੈ ਕਿ ਕਿਸੇ ਵਿਅਕਤੀ ਦਾ ਹਿਰਦਾ ਪਰਮੇਸ਼ਰ ਦੇ ਨਾਲ ਸਹੀ ਹੈ।

- ਕੇਫਾਸ ਦੀ ਨਬੂਵਤ: ਯੂਹੰਨਾ 11:49-52
- ਸ਼ਾਊਲ ਦੇ ਸੰਦੇਸ਼ਵਾਹਕ 1 ਸਮੂਏਲ 19:20-23
- ਯਹੂਦਾ ਇਸਕਰਿਯੋਤੀ ਨੇ ਰੋਗੀਆਂ ਨੂੰ ਚੰਗਾ ਕੀਤਾ ਅਤੇ ਦੁਸ਼ਟ ਆਤਮਿਆਂ ਨੂੰ ਕੱਢਿਆ। ਰਸੂਲਾਂ 1:17, 25

ਇਹ ਵੀ ਸੰਭਵ ਹੈ ਕਿ ਨਬੂਵਤ ਅਜਿਹੇ ਵਿਅਕਤੀ ਦੇ ਜ਼ਰੀਏ ਆਵੇ ਜਿਹੜਾ ਵਿਸ਼ਵਾਸੀ **ਨਹੀਂ** ਹੈ, ਜਿਹੜਾ ਪਵਿੱਤਰ ਆਤਮਾ ਦੇ ਜ਼ਰੀਏ ਨਬੂਵਤ **ਨਹੀਂ** ਕਰਦਾ ਪਰ ਕਿਸੇ ਹੋਰ ਜਾਂ ਦੁਸ਼ਟ ਆਤਮਾ ਦੇ ਰਾਹੀਂ ਨਬੂਵਤ ਕਰਦਾ ਹੈ ਭਾਵੇਂ ਕਿ ਉਹ ਪ੍ਰਭੂ ਯਿਸੂ ਮਸੀਹ ਦਾ ਨਬੀ ਹੋਣ ਦਾ ਦਾਅਵਾ ਕਰਦਾ ਹੈ।

- ਇਸ ਦੀ ਪੁਸ਼ਟੀ ਯਿਸੂ ਦੇ ਸ਼ਬਦਾਂ ਨਾਲ ਹੁੰਦੀ ਹੈ: ਮੱਤੀ 7:22-23

## ਇਸ ਕਰਕੇ, ਜ਼ਰੂਰੀ ਹੈ ਕਿ ਅਸੀਂ ਨਬੂਵਤ ਬਾਰੇ ਜਾਂ ਫਿਰ ਕਿਸੇ ਵੀ ਦਾਤ ਬਾਰੇ ਬਹੁਤ ਸਾਵਧਾਨ ਰਹੀਏ, ਕਿ ਉਹ ਕਿੱਥੋਂ ਆ ਰਹੇ ਹਨ ਅਤੇ ਉਨ੍ਹਾਂ ਦੀ ਵੈਧਤਾ ਕੀ ਹੈ।

- 1 ਕੁਰਿੰਥੀਆਂ 14:29 ਨਬੀਆਂ ਵਿੱਚੋਂ ਦੋ ਅਥਵਾ ਤਿੰਨ ਬੋਲਣ ਅਤੇ **ਬਾਕੀ ਦੇ ਪਰਖਣ।**

ਹਰੇਕ ਨਬੂਵਤ ਨੂੰ ਕਲੀਸੀਆ ਦੇ ਬਜੁਰਗਾਂ ਅਤੇ ਆਤਮਕ ਆਗੂਆਂ ਵੱਲੋਂ ਪਰਖਿਆ ਜਾਵੇ। ਨਬੂਵਤ ਕਦੇ ਵੀ ਬਾਈਬਲ ਦੇ ਲਿਖਤ ਵਚਨ ਦੇ ਵਿਰੁੱਧ ਨਹੀਂ ਜਾਵੇਗੀ।

ਕਿਸੇ ਨਬੀ ਅਤੇ ਉਸ ਦੀ ਭਰੋਸੇਮੰਦੀ ਨੂੰ ਜਾਂਚਣ ਦਾ ਇੱਕ ਬਹੁਤ ਵਧੀਆ ਤਰੀਕਾ ਇਹ ਹੈ ਕਿ ਉਹ ਪਰਮੇਸ਼ਰ ਦੇ ਵਚਨ ਦਾ ਅਧਿਐਨ ਕਿਵੇਂ ਕਰਦਾ ਹੈ, ਉਸ ਨੂੰ ਕਿੰਨਾ ਜਾਣਦਾ ਹੈ ਅਤੇ ਉਸ ਦੇ ਅਨੁਸਾਰ ਕਿੰਨਾ ਜੀਵਨ ਬਤੀਤ ਕਰਦਾ ਹੈ।

- 1 ਕੁਰਿੰਥੀਆਂ 14:37-38 ਜੇ ਕੋਈ ਆਪਣੇ ਆਪ ਨੂੰ ਨਬੀ ਯਾ ਆਤਮਕ ਸਮਝੇ ਤਾਂ ਜਿਹੜੀਆਂ ਗੱਲਾਂ ਮੈਂ ਤੁਹਾਨੂੰ ਲਿਖਦਾ ਹਾਂ ਉਹ ਓਹਨਾਂ ਨੂੰ ਜਾਣ ਲਵੇ ਭਈ ਓਹ ਪ੍ਰਭੂ ਦੇ ਹੁਕਮ ਹਨ। **ਪਰ ਜੇ ਕੋਈ ਨਾ ਜਾਣੇ ਤਾਂ ਨਾ ਜਾਣੇ।**

## III. ਝੂਠੇ ਨਬੀ ਅਤੇ ਝੂਠੀਆਂ ਨਬੂਵਤਾਂ

1 ਯੂਹੰਨਾ 4:1-3 ਹੇ ਪਿਆਰਿਓ, ਹਰੇਕ ਆਤਮਾ ਦੀ ਪਰਤੀਤ ਨਾ ਕਰ ਲਓ ਸਗੋਂ ਆਤਮਿਆਂ ਨੂੰ ਪਰਖੋ ਭਈ ਓਹ ਪਰਮੇਸ਼ਰ ਤੋਂ ਹਨ ਕਿ ਨਹੀਂ ਕਿਉਂ ਜੋ ਬਾਹਲੇ **ਝੂਠੇ ਨਬੀ** ਸੰਸਾਰ ਵਿੱਚ ਨਿਕਲ ਆਏ ਹਨ। (2) ਇਸ ਤੋਂ ਤੁਸੀਂ ਪਰਮੇਸ਼ਰ ਦੇ ਆਤਮਾ ਨੂੰ ਜਾਣ ਲਓ। ਹਰੇਕ ਆਤਮਾ ਜਿਹੜਾ ਮੰਨ ਲੈਂਦਾ ਹੈ ਭਈ ਯਿਸੂ ਮਸੀਹ ਦੇਹਧਾਰੀ ਹੋ ਕੇ ਆਇਆ ਸੋ ਪਰਮੇਸ਼ਰ ਤੋਂ ਹੈ। (3) ਅਤੇ ਹਰੇਕ ਆਤਮਾ ਜਿਹੜਾ ਯਿਸੂ ਨੂੰ ਨਹੀਂ ਮੰਨਦਾ ਸੋ ਪਰਮੇਸ਼ਰ ਤੋਂ ਨਹੀਂ, ਅਤੇ

ਇਹੋ ਮਸੀਹ ਦੇ ਵਿਰੋਧੀ ਦਾ ਉਹ ਆਤਮਾ ਹੈ ਜਿਹੜਾ ਤੁਸਾਂ ਸੁਣਿਆ ਭਈ ਆਉਂਦਾ ਹੈ ਅਤੇ ਉਹ ਹੁਣ ਭੀ ਸੰਸਾਰ ਵਿੱਚ ਹੈ।

ਨਬੂਵਤ ਦੀ ਇੱਕ ਪਰਖ:

**ਬਿਵਸਥਾ ਸਾਰ** 18:22 ਜਦ ਉਹ ਨਬੀ ਯਹੋਵਾਹ ਦੇ ਨਾਮ ਉੱਤੇ ਬੋਲੇ ਅਤੇ ਉਹ ਗੱਲ ਪੂਰੀ ਨਾ ਹੋਵੇ, ਨਾ ਹੀ ਉਹ ਬੀਤੇ ਤਾਂ ਏਹ ਉਹ ਗੱਲ ਹੈ ਜਿਹੜੀ ਯਹੋਵਾਹ ਨਹੀਂ ਬੋਲਿਆ। ਉਹ ਨਬੀ ਹਿੱਕ ਧੱਕੇ ਨਾਲ ਉਹ ਗੱਲ ਬੋਲਿਆ, ਤੁਸੀਂ ਉਸ ਤੋਂ ਨਾ ਡਰੋ।

## IV. ਨਬੂਵਤ ਦੀਆਂ ਹੱਦਾਂ

1 ਕੁਰਿੰਥੀਆਂ 13:9 ਅਸੀਂ ਤਾਂ ਕੁਝ ਕੁਝ ਜਾਣਦੇ ਹਾਂ ਅਤੇ ਕੁਝ ਕੁਝ ਅਗੰਮ ਵਾਕ ਬੋਲਦੇ ਹਾਂ।

ਨਬੂਵਤ ਨੂੰ ਜਾਂਚਣ ਦਾ ਇੱਕ ਵਧੀਆ ਮਾਪ ਇਪ ਵੇਖਣਾ ਹੈ ਕਿ ਬੋਲਣ ਵਾਲੇ ਅੰਦਰ ਸੁਣਨ ਵਾਲੇ ਦੇ ਪ੍ਰਤੀ ਕਿੰਨਾ ਤਰਸ, ਸਰੋਕਾਰ ਅਤੇ ਚਿੰਤਾ ਹੈ (1 ਕੁਰਿੰਥੀਆਂ 13:1-3)। ਕੋਈ ਵੀ ਨਬੂਵਤ ਜਿਹੜੀ ਅਜਿਹੀ ਕਿਸੇ ਨਵੀਂ ਡਾਕਟ੍ਰਿਨ ਨੂੰ ਲਿਆਉਂਦੀ ਹੈ ਜੋ ਪਰਮੇਸ਼ਰ ਦੇ ਵਚਨ, ਬਾਈਬਲ, ਦੇ ਨਾਲ ਸਹਿਮਤ ਨਹੀਂ ਹੁੰਦੀ, ਉਸ ਨੂੰ ਰੱਦਿਆ ਜਾਣਾ ਚਾਹੀਦਾ ਹੈ, ਉਸ ਬਾਰੇ ਗੱਲ ਕੀਤੀ ਜਾਣੀ ਚਾਹੀਦੀ ਹੈ ਅਤੇ ਉਸ ਨੂੰ ਸੁਧਾਰਿਆ ਜਾਣਾ ਚਾਹੀਦਾ ਹੈ। ਡਾਕਟ੍ਰਿਨ ਨੂੰ ਪਰਮੇਸ਼ਰ ਦੇ ਵਚਨ ਵਿੱਚੋਂ ਸਿਖਾਇਆ ਜਾਣਾ ਚਾਹੀਦਾ ਹੈ, “ਪਰਕਾਸ਼” ਤੋਂ ਨਹੀਂ। ਪਰਮੇਸ਼ਰ ਦੇ ਵਚਨ ਵਿੱਚ ਥੋੜਾ ਜਿਹਾ ਫੇਰ-ਬਦਲ ਕਰਕੇ ਬਣਾਈ ਗਈ ਡਾਕਟ੍ਰਿਨਾਂ ਨਾਲ ਕਈ ਗਲਤ ਸਿੱਖਿਆਵਾਂ ਨਿਕਲ ਆਈਆਂ ਹਨ।

ਅੱਜ ਕਲੀਸੀਆਵਾਂ ਨੂੰ ਨੁਕਸਾਨ ਪੁਚਾ ਰਹੀਆਂ ਕਈ ਗਲਤ ਡਾਕਟ੍ਰਿਨਾਂ ਦਾ ਅਰੰਭ ਕਿਸੇ ਨਾ ਕਿਸੇ “ਪਰਕਾਸ਼” ਤੋਂ ਹੀ ਹੋਇਆ ਸੀ। ਝੂਠੀਆਂ ਨਬੂਵਤਾਂ ਦੇ ਕਾਰਨ ਕਈ ਕਲੀਸੀਆਵਾਂ ਵਿੱਚ ਝਗੜਿਆਂ ਦੇ ਕਾਰਨ ਫੁੱਟ ਪੈ ਗਈ ਹੈ ਅਤੇ ਰਿਸ਼ਤੇ ਟੁੱਟ ਗਏ ਹਨ। ਕਿਸੇ ਨਵੇਂ ਪਰਕਾਸ਼ ਨੂੰ ਲਿਆਉਣ ਦਾ ਦਾਅਵਾ ਕਰਨ ਵਾਲੀ ਨਬੂਵਤ ਵਿੱਚ ਮਨੁੱਖੀ ਦਿਮਾਗ ਦੇ ਵੜ ਜਾਣ ਦੀ ਸੰਭਾਵਨਾ ਦੇ ਕਾਰਨ ਇਸ ਦਾਤ ਦੀ ਵਰਤੋਂ ਕੀਤੇ ਜਾਣ ਵਿੱਚ ਖਤਰੇ ਨੂੰ ਬਹੁਤ ਵਧਾ ਦਿੰਦਾ ਹੈ।

2 ਤਿਮੋਥਿਉਸ 3:16-17 ਸਾਰੀ **ਲਿਖਤ** ਪਰਮੇਸ਼ਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। (17) ਭਈ ਪਰਮੇਸ਼ਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ।

ਪਵਿੱਤਰ ਆਤਮਾ ਪਵਿੱਤਰ ਸ਼ਾਸਤਰ ਵਿੱਚ ਕੁਝ ਜੋੜਦਾ ਨਹੀਂ ਹੈ। ਕਿਸੇ ਵਿਅਕਤੀ ਨੂੰ ਪੂਰੀ ਤਰ੍ਹਾਂ ਤਿਆਰ ਹੋਣ ਲਈ ਜੋ ਕੁਝ ਲੋੜੀਂਦਾ ਹੈ, ਉਸ ਦੇ ਲਈ ਪਵਿੱਤਰ ਸ਼ਾਸਤਰ ਕਾਫੀ ਹੈ। ਪਰ ਫਿਰ ਵੀ ਨਬੂਵਤ ਦੀ ਦਾਤ ਕਿਸੇ ਅਜਿਹੀ ਸੱਚਾਈ ਨੂੰ ਪਰਗਟ ਕਰ ਸਕਦੀ ਜਾਂ ਉਸ ਉੱਤੇ ਜੋਰ ਦੇ ਸਕਦੀ ਹੈ ਜਿਹੜੀ ਕਿਸੇ ਵਿਅਕਤੀ ਦੀ ਲੋੜ ਨੂੰ ਪੂਰਾ ਕਰਨ ਲਈ ਮਹੱਤਵਪੂਰਨ ਹੈ।

ਪਰਕਾਸ਼ ਦੀ ਢੁਕਵੀਂ ਨਬੂਵਤ ਦਾ ਇੱਕ ਉਦਾਹਰਨ:

- ਰਸੂਲਾਂ 11:27-30 ਅਰੰਭਕ ਕਲੀਸੀਆ ਅਕਾਲ ਦੇ ਲਈ ਤਿਆਰੀ ਕਰ ਸਕੀ।
- ਰਸੂਲਾਂ 16:9-10 ਪੌਲੁਸ ਨੂੰ ਮਕਦੂਨਿਯਾ ਵਿੱਚ ਜਾਣ ਦੀ ਅਗਵਾਈ ਕੀਤੀ ਗਈ।
- ਰਸੂਲਾਂ 20:23; 21:10-13 ਪੌਲੁਸ ਨੂੰ ਚਿਤਾਉਣੀ ਦਿੱਤੀ ਗਈ ਕਿ ਯਰੂਸ਼ਲਮ ਵਿੱਚ ਕੀ ਹੋਣ ਵਾਲਾ ਸੀ।
- 1 ਕੁਰਿੰਥੀਆਂ 14:26 ਦਰਸਾਉਂਦਾ ਹੈ ਕਿ ਪਰਕਾਸ਼ ਦੀ ਜਨਤਕ ਸਭਾ ਵਿੱਚ ਆਪਣੀ ਇੱਕ ਥਾਂ ਹੈ, ਪਰ ਇਸ ਦੇ ਜ਼ਰੀਏ ਕਿਸੇ ਡਾਕਟ੍ਰਿਨ ਦੀ ਸਥਾਪਨਾ ਨਹੀਂ ਕੀਤੀ ਜੀ ਸਕਦੀ।

## V. ਨਬੂਵਤ ਦੀ ਗੁਣਵੱਤਾ ਅਤੇ ਡੂੰਘਿਆਈ ਨਬੂਵਤ ਕਰਨ ਵਾਲੇ ਵਿਅਕਤੀ ਦੀ ਪਰਿਪੱਕਤਾ ਉੱਤੇ ਨਿਰਭਰ ਕਰਦੀ ਹੈ।

1 ਕੁਰਿੰਥੀਆਂ 14:31 ਕਿਉਂ ਜੋ ਤੁਸੀਂ ਸਾਰੇ ਇੱਕ ਇੱਕ ਕਰਕੇ ਅਗੰਮ ਵਾਕ ਕਰ ਸੱਕਦੇ ਹੋ ਭਈ **ਸਾਰੇ ਸਿੱਖਣ** ਅਤੇ ਸਾਰੇ ਦਿਲਾਸਾ ਪਾਉਣ।

- ਸਿੱਖਣ ਵਾਲਿਆਂ ਦੇ ਪ੍ਰਤੀ ਧੀਰਜ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

- ਸਾਨੂੰ ਇਹ ਸਿਆਣ ਦੀ ਲੋੜ ਹੈ ਕਿ ਜਦ ਕੋਈ ਵਿਅਕਤੀ ਨਬੂਵਤ ਕਰਦਾ ਜਾਂ ਵਿਆਖਿਆ ਕਰਦਾ ਹੈ ਤਾਂ ਸਿਰਫ ਪਰਮੇਸ਼ਰ ਗੱਲ **ਨਹੀਂ** ਕਰ ਰਿਹਾ ਹੁੰਦਾ – ਵਰਨਾ ਨਿਰਦੇਸ਼ ਦਿੱਤੇ ਜਾਣ ਅਤੇ ਸਿੱਖਣ ਦੀ ਕੋਈ ਲੋੜ ਹੀ ਨਹੀਂ ਪਵੇਗੀ, ਜਿਵੇਂ ਕਿ 1 ਕੁਰਿੰਥੀਆਂ 14:31 ਵਿੱਚ ਆਖਿਆ ਗਿਆ ਹੈ। ਪ੍ਰਭੂ ਪ੍ਰੇਰਣਾ ਦਿੰਦਾ ਹੈ ਅਤੇ ਵਿਅਕਤੀ ਆਪਣੇ ਦਿਮਾਗ ਦੀ ਵਰਤੋਂ ਕਰਦਿਆਂ ਉਸ ਨੂੰ ਸ਼ਬਦਾਂ ਵਿੱਚ ਬਿਆਨ ਕਰਦਾ ਹੈ। ਇਹ ਅਚੂਕ ਪਰਮੇਸ਼ਰ ਅਤੇ ਗਲਤੀ ਦੇ ਪੁਤਲੇ ਇਨਸਾਨ ਦਾ ਮਿਸ਼ਰਣ ਹੈ। ਇਸ ਕਰਕੇ, ਨਬੂਵਤ ਨੂੰ ਸਾਵਧਾਨੀ ਨਾਲ ਜਾਂਚਿਆ ਅਤੇ ਮਾਪਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਬੜਾ ਅਸਾਨ ਹੈ ਕਿ ਮਨੁੱਖ ਦਾ ਦਿਮਾਗ ਪ੍ਰਭੂ ਦੇ ਵਚਨ ਤੋਂ ਅੱਗੇ ਚਲਿਆ ਜਾਵੇ ਜਾਂ ਉਸ ਵਿੱਚ ਕੁਝ ਜੋੜ ਦੇਵੇ।

- ਆਇਤ 32 ਆਖਦੀ ਹੈ: "ਨਬੀਆਂ ਦੇ ਆਤਮੇ ਨਬੀਆਂ ਦੇ ਵੱਸ ਵਿੱਚ ਹਨ" ਜਿਸ ਦਾ ਅਰਥ ਹੈ ਕਿ ਨਬੂਵਤ ਕਰਨ ਵਾਲੇ ਲੋਕ ਆਪਣੇ ਉੱਤੇ ਨਿਯੰਤ੍ਰਣ ਰੱਖਣ ਅਤੇ ਜੋ ਉਹ ਆਖਦੇ ਜਾਂ ਕਰਦੇ ਹਨ ਉਸ ਦੇ ਲਈ ਉਹ

ਜਿੰਮੇਵਾਰ ਹੋਣ। ਉਹ ਪੂਰੀ ਤਰ੍ਹਾਂ ਪਵਿੱਤਰ ਆਤਮਾ ਦੇ ਵੱਸ ਵਿੱਚ ਨਹੀਂ ਹੁੰਦੇ ਹਨ। ਉਹ ਵਿਅਕਤੀ ਜੋ ਕਰਦਾ ਹੈ, ਜੋ ਬੋਲਦਾ ਹੈ ਅਤੇ ਕਿਵੇਂ ਬੋਲਦਾ ਹੈ, ਉਸ ਉੱਤੇ ਉਸ ਦਾ ਆਪਣਾ ਨਿਯੰਤ੍ਰਣ ਹੁੰਦਾ ਹੈ। ਇਸ ਕਰਕੇ, ਨਬੂਵਤ ਨੂੰ ਸਾਵਧਾਨੀ ਨਾਲ ਜਾਂਚਿਆ ਅਤੇ ਮਾਪਿਆ ਜਾਣਾ ਚਾਹੀਦਾ ਹੈ।

**ਨਬੂਵਤ ਕਰਨ ਦੀ ਯੋਗਤਾ ਸਭਨਾਂ ਦੇ ਲਈ** ਉਪਲਬਧ ਹੈ।     ਸਭਨਾਂ ਦੇ ਕੋਲ ਪਵਿੱਤਰ ਆਤਮਾ ਹੈ।

- ਰਸੂਲਾਂ 2:17-18 ਪਰਮੇਸ਼ਰ ਆਖਦਾ ਹੈ ਕਿ ਅੰਤ ਦੇ ਦਿਨਾਂ ਵਿੱਚ ਐਉਂ ਹੋਵੇਗਾ, ਜੋ ਮੈਂ ਆਪਣੇ ਆਤਮਾ ਵਿੱਚੋਂ **ਸਾਰੇ** ਸਰੀਰਾਂ ਉੱਤੇ ਵਹਾ ਦਿਆਂਗਾ, ਅਤੇ ਤੁਹਾਡੇ **ਪੁੱਤਰ** ਅਰ ਤੁਹਾਡੀਆਂ **ਧੀਆਂ** ਅਗੰਮ ਵਾਕ ਕਰਨਗੇ, ਅਤੇ ਤੁਹਾਡੇ ਜੁਆਨ ਦਰਸ਼ਣ ਵੇਖਣਗੇ, ਅਤੇ ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ। (18) ਹਾਂ, ਮੈਂ ਆਪਣੇ **ਦਾਸਾਂ** ਅਤੇ ਆਪਣੀਆਂ **ਦਾਸੀਆਂ** ਉੱਤੇ ਉਨ੍ਹੀਂ ਦਿਨੀਂ ਆਪਣੇ ਆਤਮਾ ਵਿੱਚੋਂ ਵਹਾ ਦਿਆਂਗਾ, ਅਰ ਓਹ ਅਗੰਮ ਵਾਕ ਕਰਨਗੇ।

ਹਾਲਾਂਕਿ ਸਿਰਫ **ਕੁਝ ਸੀਮਿਤ ਲੋਕਾਂ ਦੇ ਕੋਲ ਹੀ ਇਹ "ਦਾਤ"** ਹੁੰਦੀ ਹੈ (ਰੋਮੀਆਂ 12:4-6) ਅਤੇ ਉਹ ਇਸ ਦੀ ਵਰਤੋਂ ਸਭਾ ਵਿੱਚ ਪਰਿਪੱਕਤਾ ਅਤੇ ਪਰਵਾਨਯੋਗ ਤਰੀਕੇ ਨਾਲ ਕਰਦੇ ਹਨ।

## VI. ਨਬੂਵਤ ਦਾ ਉਦੇਸ਼

ਪਰਕਾਸ਼ 19:10     ਯਿਸੂ ਦੀ ਗਵਾਹੀ ਤਾਂ ਅਗੰਮ ਵਾਕ ਦੀ ਰੂਹ ਹੈ।

"New Living Translation" ਇਸ ਆਇਤ ਨੂੰ ਇਸ ਤਰ੍ਹਾਂ ਲਿਖਦੀ ਹੈ:

ਨਬੂਵਤ ਦਾ ਮੁੱਖ ਉਦੇਸ਼ ਇਹ ਹੈ ਕਿ ਯਿਸੂ ਦੀ ਸਪਸ਼ਟ ਗਵਾਹੀ ਦਿੱਤੀ ਜਾਵੇ।

ਨਬੂਵਤ ਦਾ ਉਦੇਸ਼ ਇਹ ਹੈ ਕਿ ਜਿਸ ਵਿਅਕਤੀ ਜਾਂ ਵਿਅਕਤੀਆਂ ਲਈ ਨਬੂਵਤ ਕੀਤੀ ਜਾ ਰਹੀ ਹੈ ਉਨ੍ਹਾਂ ਨੂੰ ਯਿਸੂ ਦੇ ਪ੍ਰੇਮ, ਤਰਸ, ਸਰੋਕਾਰ ਅਤੇ ਮੁਕਤੀ ਬਾਰੇ ਸਪਸ਼ਟ ਤੌਰ ਤੇ ਦੱਸਿਆ ਜਾਵੇ।

1 ਕੁਰਿੰਥੀਆਂ 14:3-5 ਪਰ ਜਿਹੜਾ ਅਗੰਮ ਵਾਕ ਕਰਦਾ ਹੈ ਉਹ **ਲਾਭ** ਅਤੇ **ਉਪਦੇਸ਼** ਅਤੇ **ਤਸੱਲੀ** ਦੀਆਂ ਗੱਲਾਂ ਮਨੁੱਖਾਂ ਨਾਲ ਕਰਦਾ ਹੈ। (4) ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ ਆਪ ਹੀ ਲਾਭ ਲੈਂਦਾ ਹੈ ਪਰ ਜਿਹੜਾ ਅਗੰਮ ਵਾਕ ਕਰਦਾ ਹੈ ਉਹ **ਕਲੀਸਿਯਾ ਨੂੰ ਲਾਭ ਦਿੰਦਾ ਹੈ।** (5) ਹੁਣ ਮੈਂ ਚਾਹੁੰਦਾ ਹਾਂ ਜੋ ਤੁਸੀਂ ਸੱਭੇ ਪਰਾਈਆਂ ਭਾਖਿਆਂ ਬੋਲੋ ਪਰ ਇਸ ਤੋਂ ਵਧੀਕ ਇਹ, ਜੋ ਤੁਸੀਂ ਅਗੰਮ ਵਾਕ ਕਰੋ। ਜਿਹੜਾ ਪਰਾਈਆਂ ਭਾਖਿਆਂ ਬੋਲਣ ਵਾਲਾ ਹੈ ਜੇਕਰ ਉਹ ਅਰਥ ਨਾ ਕਰੇ ਜਿਸ ਤੋਂ ਕਲੀਸਿਯਾ ਲਾਭ ਉਠਾਵੇ ਤਾਂ ਅਗੰਮ ਵਾਕ ਕਰਨ ਵਾਲਾ ਉਸ ਨਾਲੋਂ ਉੱਤਮ ਹੈ।

## VII. ਨਬੂਵਤ ਲਾਭ ਲਿਆਉਂਦੀ ਹੈ

1 ਕੁਰਿੰਥੀਆਂ 14:4 ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ ਆਪ ਹੀ ਲਾਭ ਲੈਂਦਾ ਹੈ ਪਰ ਜਿਹੜਾ ਅਗੰਮ ਵਾਕ ਕਰਦਾ ਹੈ ਉਹ ਕਲੀਸਿਯਾ ਨੂੰ **ਲਾਭ ਦਿੰਦਾ ਹੈ।**

"ਲਾਭ" ਲਈ ਸ਼ਬਦ ਓਇਕੋਡੋਮੇ (ਯੂਨਾਨੀ) ਇੱਕ ਸੰਯੁਕਤ ਸ਼ਬਦ ਹੈ:

3624 ਓਇਕੋਸ – ਘਰ, ਮਕਾਨ, ਜਾਂ ਮੰਦਰ, ਅਤੇ

1430 ਡੋਮਾ – ਉਸਾਰੀ ਕਰਨਾ,

ਇਸ ਕਰਕੇ: ਇੱਕ ਘਰ ਜਾਂ ਬਣਾਵਟ ਦੀ ਉਸਾਰੀ ਕਰਨਾ; ਉਸਾਰੀ ਕਰਨਾ

ਲਾਭ ਦੇਣਾ – ਕਿਸੇ ਵਿਅਕਤੀ ਨਾਲ ਇਸ ਤਰੀਕੇ ਨਾਲ ਗੱਲ ਕਰਨਾ ਕਿ ਉਸ ਨੂੰ ਆਤਮਕ, ਨੈਤਿਕ ਜਾਂ ਮਾਨਸਿਕ ਉਤਸ਼ਾਹ ਮਿਲੇ।

ਰੋਮੀਆਂ 14:19 ਸੋ ਚੱਲੋ ਅਸੀਂ ਓਹਨਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇੱਕ ਦੂਏ ਦੀ **ਤਰੱਕੀ** (ਓਇਕੋਡੋਮੇ) ਹੋਵੇ।

## VIII. ਨਬੂਵਤ ਉਪਦੇਸ਼ ਲਿਆਉਂਦੀ ਹੈ ਪੈਰਾਕਲੇਸਿਸ (ਯੂਨਾਨੀ)

ਉਪਦੇਸ਼ ਦੇਣ ਦਾ ਅਰਥ ਹੈ: ਤਕੜੇ, ਅਕਸਰ ਉਭਾਰਨ ਵਾਲੇ ਸ਼ਬਦਾਂ ਨਾਲ ਬੇਨਤੀ ਕਰਨਾ, ਸਿੱਖਿਆ ਦੇਣਾ, ਸੁਝਾਓ ਦੇਣਾ ਜਾਂ ਅਪੀਲ ਕਰਨਾ।

| | | |
|---|---|---|
| 1 ਕੁਰਿੰਥੀਆਂ 1:10; 4:16 | 1 ਥੱਸਲੁਨੀਕੀਆਂ 4:1 | 2 ਥੱਸਲੁਨੀਕੀਆਂ 3:12 |
| 2 ਤਿਮੋਥਿਉਸ 4:2 | ਤੀਤੁਸ 1:9; 2:15 | 1 ਪਤਰਸ 5:1 |

## IX. ਨਬੂਵਤ ਤਸੱਲੀ ਲਿਆਉਂਦੀ ਹੈ ਪੈਰਾਮੁਥਿਆ (ਯੂਨਾਨੀ)

ਤਸੱਲੀ ਦੇਣਾ – ਸੰਕਟ ਜਾਂ ਬਿਪਤਾ ਵੇਲੇ ਦਿਲਾਸਾ ਦੇਣਾ, ਅਰਾਮ ਦੇਣਾ, ਸੌਖਾ ਕਰਨਾ, ਰਾਹਤ ਦੇਣਾ।

2 ਕੁਰਿੰਥੀਆਂ 1:3-6 ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ਰ ਅਤੇ ਪਿਤਾ ਜਿਹੜਾ ਦਿਆਲਗੀਆਂ ਦਾ ਪਿਤਾ ਅਤੇ ਸਰਬ ਦਿਲਾਸੇ ਦਾ ਪਰਮੇਸ਼ਰ ਹੈ। ਜੋ ਸਾਡੀਆਂ ਸਾਰੀਆਂ ਬਿਪਤਾਂ ਵਿੱਚ ਸਾਨੂੰ ਦਿਲਾਸਾ ਦਿੰਦਾ ਹੈ ਭਈ ਅਸੀਂ ਉਸੇ

ਦਿਲਾਸੇ ਤੋਂ ਜਿਹ ਨੂੰ ਅਸਾਂ ਪਰਮੇਸ਼ਰ ਵੱਲੋਂ ਪਾਇਆ ਹੈ ਓਹਨਾਂ ਨੂੰ ਹਰ ਬਿਪਤਾ ਵਿੱਚ ਦਿਲਾਸਾ ਦੇਣ ਜੋਗੇ ਹੋਈਏ। ਕਿਉਂਕਿ ਜਿਵੇਂ ਮਸੀਹ ਦੇ ਦੁਖ ਸਾਡੇ ਲਈ ਬਾਹਲੇ ਹਨ ਤਿਵੇਂ ਸਾਡਾ ਦਿਲਾਸਾ ਵੀ ਮਸੀਹ ਦੇ ਰਾਹੀਂ ਬਾਹਲਾ ਹੈ।

ਹਰੇਕ ਮਸੀਹੀ ਨੂੰ ਕੁਝ ਨਾ ਕੁਝ ਸੰਕਟ ਅਤੇ ਦੁੱਖ ਤਾਂ ਸਹਿਣੇ ਹੀ ਪੈਂਦੇ ਹਨ ਅਤੇ ਇਸ ਦੇ ਪ੍ਰਭਾਵ ਵਜੋਂ ਸ਼ੁੱਧੀਕਰਨ ਅਤੇ ਪਰਿਪੱਕਤਾ ਆਉਂਦੀ ਹੈ।

ਕੁਰਿੰਥੀਆਂ ਦੀ ਕਲੀਸੀਆ ਦੇ ਜਿਸ ਵਿਅਕਤੀ ਨੇ ਪਾਪ ਕੀਤਾ ਸੀ ਉਸ ਬਾਰੇ ਪੌਲੁਸ ਨੇ ਆਖਿਆ ਕਿ "ਉਹ ਨੂੰ ਮਾਫ਼ ਕਰੋ ਅਤੇ ਦਿਲਾਸਾ ਦਿਓ ਮਤੇ ਬਹੁਤਾ ਗ਼ਮ ਏਹੋ ਜੇਹੇ ਮਨੁੱਖ ਨੂੰ ਖਾ ਜਾਵੇ।" 2 ਕੁਰਿੰਥੀਆਂ 2:7

ਜਿਹੜੇ ਲੋਕ ਵੱਡੀਆਂ ਮੁਸੀਬਤਾਂ ਵਿੱਚੋਂ ਗੁਜ਼ਰ ਰਹੇ ਹਨ ਉਨ੍ਹਾਂ ਦੇ ਲਈ ਨਬੂਵਤ ਇੱਕ ਚੰਗਿਆਈ ਦੇਣ ਵਾਲੀ ਮਲਹਮ ਦਾ ਕੰਮ ਕਰ ਸਕਦੀ ਹੈ। ਪਰਮੇਸ਼ਰ ਵੱਲੋਂ ਆਏ ਸ਼ਬਦ ਉਨ੍ਹਾਂ ਦੇ ਲਈ ਸ਼ਾਂਤੀ ਅਤੇ ਤਸੱਲੀ ਲੈ ਕੇ ਆਉਂਦੇ ਹਨ ਜਿਹੜੇ ਭਿਆਣਕ ਮੁਸੀਬਤਾਂ ਅਤੇ ਸੰਕਟਾਂ ਵਿੱਚੋਂ ਗੁਜ਼ਰ ਰਹੇ ਹਨ।

## X. ਨਬੂਵਤ ਪਾਪੀ ਦੇ ਅੰਦਰ ਕਾਇਲਤਾ ਲਿਆਉਂਦੀ ਹੈ

1 ਕੁਰਿੰਥੀਆਂ 14:24-25 ਪਰ ਜੇ ਸੱਭੇ ਅਗੰਮ ਵਾਕ ਬੋਲਣ ਅਤੇ ਕੋਈ ਨਿਹਚਾਹੀਣ ਅਥਵਾ ਨਾ ਵਾਕਫ਼ ਅੰਦਰ ਆਵੇ ਤਾਂ ਸਭਨਾਂ ਤੋਂ ਕਾਇਲ ਕੀਤਾ ਜਾਵੇਗਾ, ਸਭਨਾਂ ਤੋਂ ਜਾਚਿਆ ਜਾਵੇਗਾ। (25) ਉਹ ਦੇ ਮਨ ਦੀਆਂ ਗੁਪਤ ਗੱਲਾਂ ਪਰਗਟ ਹੋਣਗੀਆਂ ਅਤੇ ਇਉਂ ਮੂੰਧੇ ਪੈ ਕੇ ਉਹ ਪਰਮੇਸ਼ਰ ਨੂੰ ਮੱਥਾ ਟੇਕੇਗਾ ਅਤੇ ਆਖੇਗਾ ਭਈ ਸੱਚੀ ਮੁੱਚੀ ਪਰਮੇਸ਼ਰ ਏਹਨਾਂ ਦੇ ਵਿੱਚ ਹੈ!

ਨਬੂਵਤ ਵਿਸ਼ਵਾਸੀਆਂ ਨੂੰ ਅਸੀਸ ਦਿੰਦੀ ਹੈ ਅਤੇ ਪਾਪੀਆਂ ਨੂੰ ਕਾਇਲ ਕਰਦੀ ਹੈ। ਇਹ ਅਵਿਸ਼ਵਾਸੀ ਨੂੰ ਇਹ ਸਿਆਣਨ ਵਿੱਚ ਮਦਦ ਕਰਦੀ ਹੈ ਕਿ ਇੱਕ ਅਲੌਕਿਕ ਘਟਨਾ ਘਟੀ ਹੈ ਅਤੇ ਇਹ ਕਿ ਪ੍ਰਭੂ ਪਰਮੇਸ਼ਰ ਤੁਹਾਡੇ ਨਾਲ ਹੈ। ਨਬੂਵਤ ਵਿਚਲੀ ਕੋਈ ਗੱਲ ਉਸ ਦੇ ਹਿਰਦੇ ਵਿੱਚ ਐਵੇਂ ਉੱਤਰ ਜਾਵੇਗੀ ਜਿਵੇਂ ਕੋਈ ਤੀਰ ਨਿਸ਼ਾਨੇ ਤੇ ਜਾ ਵੱਜਦਾ ਹੈ ਅਤੇ ਅਵਿਸ਼ਵਾਸੀ ਨੂੰ ਇਹ ਮਹਿਸੂਸ ਕਰਵਾਏਗੀ ਕਿ ਪਰਮੇਸ਼ਰ ਸਿੱਧਾ ਉਸ ਦੇ ਨਾਲ ਗੱਲ ਕਰ ਰਿਹਾ ਹੈ।

ਸਾਨੂੰ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਕਾਇਲਤਾ ਦਾ ਅਰਥ ਮਨ ਪਰਿਵਰਤਨ ਨਹੀਂ ਹੈ। ਪਾਪੀਆਂ ਤੋਂ ਤੋਬਾ ਕਰਾਉਣ ਲਈ ਨਬੂਵਤ ਕਾਫੀ ਨਹੀਂ ਹੈ। ਖੁਸ਼ਖਬਰੀ ਦਾ ਪੂਰਾ ਵੇਰਵਾ ਬਹੁਤ ਜ਼ਰੂਰੀ ਹੈ ਤਾਂ ਜੋ ਕਿਸੇ ਵਿਅਕਤੀ ਨੂੰ ਤੋਬਾ ਦੇ ਫੈਸਲੇ ਤੇ ਲਿਆਇਆ ਜਾ ਸਕੇ ਅਤੇ ਉਹ ਯਿਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਕਰ ਸਕੇ ਅਤੇ ਉਸ ਨੂੰ ਪ੍ਰਭੂ ਮੰਨ ਕੇ ਉਸ ਦੀ ਆਗਿਆਕਾਰੀ ਕਰ ਸਕੇ।

## XI. ਆਖਰੀ ਸ਼ਬਦ 1 ਕੁਰਿੰਥੀਆਂ 13:8 – 14:1

ਪ੍ਰੇਮ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮ ਵਾਕ ਹੋਣ ਓਹ ਮੁੱਕ ਜਾਣਗੇ, ਭਾਵੇਂ ਬੋਲੀਆਂ ਹੋਣ ਓਹ ਜਾਂਦੀਆਂ ਰਹਿਣਗੀਆਂ, ਭਾਵੇਂ ਇਲਮ ਹੋਵੇ ਉਹ ਮੁੱਕ ਜਾਵੇਗਾ। ਅਸੀਂ ਤਾਂ ਕੁਝ ਕੁਝ ਜਾਣਦੇ ਹਾਂ ਅਤੇ ਕੁਝ ਕੁਝ ਅਗੰਮ ਵਾਕ ਬੋਲਦੇ ਹਾਂ। ਪਰ ਜਦ ਸੰਪੂਰਨ ਆਵੇ ਤਦ ਅਧੂਰਾ ਮੁੱਕ ਜਾਵੇਗਾ। ਜਦ ਮੈਂ ਨਿਆਣਾ ਸਾਂ ਤਦ ਨਿਆਣੇ ਵਾਂਙੁ ਬੋਲਦਾ, ਨਿਆਣੇ ਵਾਂਙੁ ਸਮਝਦਾ ਅਤੇ ਨਿਆਣੇ ਵਾਂਙੁ ਜਾਚਦਾ ਸਾਂ। ਹੁਣ ਮੈਂ ਸਿਆਣਾ ਜੋ ਹੋਇਆ ਤਾਂ ਮੈਂ ਨਿਆਣਪੁਣੇ ਦੀਆਂ ਗੱਲਾਂ ਛੱਡ ਦਿੱਤੀਆਂ ਹਨ। ਇਸ ਵੇਲੇ ਤਾਂ ਅਸੀਂ ਸ਼ੀਸ਼ੇ ਵਿੱਚ ਧੁੰਦਲਾ ਜਿਹਾ ਵੇਖਦੇ ਹਾਂ ਪਰ ਓਸ ਵੇਲੇ ਰੋਬਰੂ ਵੇਖਾਂਗੇ। ਇਸ ਵੇਲੇ ਮੈਂ ਕੁਝ ਕੁਝ ਜਾਣਦਾ ਹਾਂ ਪਰ ਓਸ ਵੇਲੇ ਉਹੋ ਜਿਹਾ ਜਾਣਾਂਗਾ ਜਿਹੋ ਜਿਹਾ ਮੈਂ ਵੀ ਜਾਣਿਆ ਗਿਆ ਹਾਂ। ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ ਏਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ। ਪ੍ਰੇਮ ਦੇ ਮਗਰ ਲੱਗੋ। ਤਾਂ ਵੀ ਆਤਮਕ ਦਾਨਾਂ ਨੂੰ ਲੋਚੋ ਪਰ ਵਧਕੇ ਇਹ ਜੋ ਤੁਸੀਂ ਅਗੰਮ ਵਾਕ ਕਰੋ।